# Medicare ਅਤੇ Apple Health Classic Medicaid

## ਅਕਸਰ ਪੁੱਛੇ ਜਾਣ ਵਾਲੇ ਸੁਆਲ

### Medicare ਅਤੇ Apple Health Classic Medicaid ਵਿੱਚ ਕੀ ਫ਼ਰਕ ਹੈ?

ਇਹ ਦੋਵੇਂ ਪ੍ਰੋਗਰਾਮ ਨੇਤਰਹੀਣਤਾ ਜਾਂ ਅਸਮਰੱਥਾ (ਅਪੰਗਤਾ) ਵਾਲ਼ੇ 65 ਸਾਲ ਜਾਂ ਵੱਧ ਉਮਰ ਦੇ ਲੋਕਾਂ ਜਾਂ ਜਿਹਨਾਂ ਨੂੰ ਲੰਮੇ-ਮਿਆਦ ਦੀਆਂ ਸੇਵਾਵਾਂ ਅਤੇ ਸਹਾਇਤਾ ਦੀ ਲੋੜ ਹੈ, ਲਈ ਹਨ। ਪ੍ਰੋਗਰਾਮ ਵਿਚਲੇ ਫ਼ਰਕਾਂ ਵਿੱਚ ਸ਼ਾਮਿਲ ਹਨ:

- Medicare, ਸਮਾਜਕ ਸੁਰੱਖਿਆ ਪ੍ਰਸ਼ਾਸਨ (SSA) ਵਲੋਂ ਪ੍ਰਬੰਧ ਕੀਤਾ ਜਾਣ ਵਾਲ਼ਾ ਫ਼ੈਡਰਲ ਬੀਮਾ ਪ੍ਰੋਗਰਾਮ ਹੈ ਅਤੇ ਇਸ ਵਿੱਚ ਆਮਦਨ ਦੀ ਕੋਈ ਬੰਦਿਸ਼ ਨਹੀਂ ਹੈ।
- Apple Health Classic Medicaid ਦਾ ਪ੍ਰਬੰਧ ਸਿਹਤ ਸੰਭਾਲ ਅਥਾੱਰਿਟੀ (HCA) ਵਲੋਂ ਕੀਤਾ ਜਾਂਦਾ ਹੈ ਅਤੇ ਸਮਾਜਕ ਅਤੇ ਸਿਹਤ ਸੇਵਾਵਾਂ ਬਾਰੇ ਮਹਿਕਮੇ (DSHS) ਰਾਹੀਂ ਇਸਦੀ ਯੋਗਤਾ ਦਾ ਪਤਾ ਲਾਇਆ ਜਾਂਦਾ ਹੈ ਅਤੇ ਰਜਿਸਟ੍ਰੇਸ਼ਨ ਕੀਤੀ ਜਾਂਦੀ ਹੈ। ਇਹ ਯੋਗਤਾ ਆਮਦਨ, ਸ੍ਰੋਤਾਂ, ਰਿਹਾਇਸ਼ ਅਤੇ ਨਾਗਰਿਕਤਾ ਜਾਂ ਇਮੀਗ੍ਰੇਸ਼ਨ ਦੀ ਸਥਿਤੀ ਵਰਗੇ ਕਈ ਕਾਰਕਾਂ 'ਤੇ ਅਧਾਰਿਤ ਹੈ।

### ਕੀ Apple Health Classic Medicaid ਲਈ ਹੱਕਦਾਰ ਹੋਣ ਵਾਸਤੇ, ਮੈਨੂੰ Medicare ਲਈ ਅਪਲਾਈ ਕਰਨਾ ਪੈਣਾ ਹੈ?

ਨਹੀਂ, ਤੁਹਾਨੂੰ Apple Health Classic Medicaid ਲਈ ਅਪਲਾਈ ਕਰਨ ਤੋਂ ਪਹਿਲਾਂ ਤੁਹਾਨੂੰ Medicare ਲਈ ਅਪਲਾਈ ਨਹੀਂ ਕਰਨਾ ਪੈਣਾ। ਜੇ ਤੁਸੀਂ 65 ਸਾਲ ਤੋਂ ਘੱਟ ਉਮਰ ਵਾਲ਼ੇ ਅਸਮਰੱਥ (ਅਪੰਗ) ਹੋ ਅਤੇ ਤੁਸੀਂ Apple Health ਲੈ ਰਹੇ ਹੋ, ਤਾਂ ਤੁਸੀਂ Medicare ਲਈ ਵੀ ਹੱਕਦਾਰ ਹੋ ਸਕਦੇ ਹੋ।

### ਮੈਂ ਆਪਣੀ Medicare ਅਰਜ਼ੀ ਨਾਲ ਕਿਵੇਂ ਮਦਦ ਲੈ ਸਕਦਾ/ਸਕਦੀ ਹਾਂ?

ਤੁਸੀਂ SSA ਨੂੰ ਕਾੱਲ ਕਰਕੇ ਜਾਂ ਵਾੱਸ਼ਿੰਗਟਨ ਸਟੇਟ ਸਿਹਤ ਬੀਮਾ ਲਾਭਾਂ ਬਾਰੇ ਸਲਾਹਕਾਰਾਂ (SHIBA) ਨਾਲ ਸੰਪਰਕ ਕਰਕੇ ਮਦਦ ਲੈ ਸਕਦੇ ਹੋ। SHIBA, Medicare ਅਤੇ ਹੋਰ ਸਿਹਤ ਸੰਭਾਲ ਸਹਾਇਤਾ ਲਈ ਮੁਫ਼ਤ ਅਤੇ ਗੁਪਤ ਸੇਵਾਵਾਂ ਮੁਹੱਈਆ ਕਰਦੀ ਹੈ।

- SSA:
  - **ਫੋਨ:** 1-800-772-1213 (TTY: 1-800-325-0778)
  - **ਔਨਲਾਈਨ:** ssa.gov
- SHIBA:
  - **ਫੋਨ:** 1-800-562-6900
  - ਵਿਅਕਤੀਗਤ ਤੌਰ 'ਤੇ: insurance.wa.gov/find-local-shiba-office
  - ਭਾਸ਼ਾ ਲਿੰਕਸੇਵਾਵਾਂ: insurance.wa.gov/language-link-services

### ਕੀ ਮੈਂ ਇੱਕੋ ਸਮੇਂ Apple Health Classic Medicaid ਅਤੇ Medicare ਲੈ ਸਕਦਾ/ਸਕਦੀ ਹਾਂ?

ਹਾਂ, Apple Health Classic Medicaid ਅਤੇ Medicare, ਦੋਵੇਂ ਲੈਣ ਦੇ ਆਪਣੇ ਫ਼ਾਇਦੇ ਹਨ। Apple Health ਦੇ ਘੇਰੇ ਹੇਠ ਉਹ ਲਾਗਤਾਂ ਆਉਂਦੀਆਂ ਹਨ, ਜਿਹੜੀਆਂ Medicare ਦੇ ਘੇਰੇ ਹੇਠ ਨਹੀਂ ਆਉਂਦੀਆਂ, ਜਿਵੇਂ ਕਟੌਤੀਆਂ, ਸਹਿ-ਭੁਗਤਾਨ, ਕੰਨ ਦੀਆਂ ਮਸ਼ੀਨਾਂ ਅਤੇ ਦੰਦਾਂ ਸਬੰਧੀ ਸੇਵਾਵਾਂ। Apple Health Classic Medicaid ਦੇ Medicare ਬੱਚਤ ਪ੍ਰੋਗਰਾਮ (MSP) ਵੀ ਹਨ, ਜੋ ਤੁਹਾਡੇ Medicare ਪ੍ਰੀਮੀਅਮ ਕਵਰ ਕਰਨ ਵਿੱਚ ਮਦਦ ਕਰ ਸਕਦੇ ਹਨ।

## **Medicare ਬੱਚਤ ਪ੍ਰੋਗਰਾਮ ਕੀ ਹਨ?**

Medicare ਬੱਚਤ ਪ੍ਰੋਗਰਾਮ, ਲੋਕਾਂ ਦੇ Medicare ਪ੍ਰੀਮੀਅਮਾਂ ਦਾ ਭੁਗਤਾਨ ਕਰਨ ਵਿੱਚ ਉਹਨਾਂ ਦੀ ਮਦਦ ਕਰਦੇ ਹਨ। ਇਸ ਵਿੱਚ ਹਿੱਸਾ A ਅਤੇ ਹਿੱਸਾ B ਦੇ ਪ੍ਰੀਮੀਅਮ ਅਤੇ ਸੰਭਵ ਤੌਰ 'ਤੇ Medicare ਨਾਲ ਜੁੜੇ ਹੋਰ ਖ਼ਰਚੇ ਸ਼ਾਮਿਲ ਹਨ, ਜਿਵੇਂ ਸਹਿ-ਬੀਮਾ ਅਤੇ ਕਟੌਤੀਆਂ।

# ਸ੍ਰੋਤ

### **Medicare**

- My ਸੋਸ਼ਲ ਸੁਰੱਖਿਆ | SSA
- Medicare ਲਾਭ | SSA
- ਫ਼ਾਰਮ, ਮਦਦ ਅਤੇ ਸ੍ਰੋਤ | Medicare
- ਵਾਧੂ ਸਹਾਇਤਾ ਬਾਰੇ ਪ੍ਰੋਗਰਾਮ: Medicare ਦਾ ਹਿੱਸਾ D, ਘੱਟ-ਆਮਦਨ ਬਾਰੇ ਸਬਸਿਡੀ (medicareinteractive.org)

### **Medicare ਬੱਚਤ ਪ੍ਰੋਗਰਾਮ:**

- Medicare ਬੱਚਤ ਪ੍ਰੋਗਰਾਮਾਂ ਬਾਰੇ ਬ੍ਰੋਸ਼ਰ | HCA
- Medicare ਬੱਚਤ ਪ੍ਰੋਗਰਾਮ | HCA

### **Apple Health Classic Medicaid ਅਤੇ/ਜਾਂ Medicare ਬੱਚਤ ਪ੍ਰੋਗਰਾਮ ਲਈ ਅਪਲਾਈ ਕਰਨਾ:**

- DSHS ਔਨਲਾਈਨ ਅਰਜ਼ੀ: ਵਾੱਸ਼ਿੰਗਟਨ ਕਨੈਕਸ਼ਨ| DSHS
- ਦਸਤਾਵੇਜ਼ੀ ਅਰਜ਼ੀ: Medicare ਬੱਚਤ ਪ੍ਰੋਗਰਾਮ ਲਈ ਅਰਜ਼ੀ| HCA